ਡੀਲਰ ਵਲੋਂ ਤਹਿਸੀਲਦਾਰ ਦੇ ਨਾਅ 'ਤੇ ਠੱਗੇ 43000 ਰੁਪਏ ਵਾਪਸੇ ਕਰਵਾਏ

ਪੰਜਾਬ ਟਾਇਮਜ਼ ਵਿਸ਼ੇਸ਼

ਜੀਰਕਪੁਰ, 12 ਜੂਨ (ਖੁਸ਼ਪਾਲ ਸਿੰਘ ਕੇ ਪੀ) ਜੀਰਕਪੁਰ ਤਹਿਸੀਲ ਵਿਖੇ ਹਰ ਰੋਜ ਵੱਡੀ ਗਿਣਤੀ ਵਿਚ ਜਮੀਨ/ਜਾਇਦਾਦ ਦੀਆ ਰਜਿਸਟਰੀਆ ਹੁੰਦੀਆ ਹਨ। ਜਿਸ ਕਰਕੇ ਇਸ ਤਹਿਸੀਲ ਦੇ ਬਾਹਰ ਇਸ ਦੇ ਡੀਲਰ- ਸਰੇਆਮ ਭੋਲੇ ਭਾਲੇ ਲੋਕਾਂ ਨੂੰ ਰਜਿਸਟਰੀਆ ਕਰਵਾਉਣ ਦੇ ਨਾਮ ਤੇ ਠੱਗਣ ਦੀ ਤਾਕ ਵਿਚ ਅਕਸਰ ਹੀ ਘੁੰਮਦੇ ਰਹਿੰਦੇ ਹਨ ਅਜਿਹਾ ਹੀ ਮਾਮਲਾ ਪਿਛਲੇ ਦਿਨੀ ਸਾਹਮਣੇ ਆਇਆ ਜਿਥੇ ਇਕ ਠੱਗ ਡੀਲਰ ਨੇ ਰਜਿਸਟਰੀ ਕਰਵਾਉਣ ਨਾਮ'ਤੇ ਇਕ ਭੋਲੀ ਭਾਲੀ ਲੜਕੀ ਤੋਂ ਨਾਇਬ ਤਹਿਸੀਲਦਾਰ ਜੀਰਕਪੁਰ ਦੇ ਨਾਮ 'ਤੇ 43000/- ਰੁਪਏ ਠੱਗ ਲਏ, ਪ੍ਰੰਤੂ ਜਦੋਂ ਇਹ ਮਾਮਲਾ ਤਹਿਸੀਲ ਸਟਾਫ ਅਤੇ ਨਾਇਬ ਤਹਿਸੀਲਦਾਰ ਦੇ ਧਿਆਨ ਵਿਚ ਆਇਆ ਤਾ ਉਕਤ ਠੱਗ ਡੀਲਰ ਨੇ ਤੁਰੰਤ 43000/- ਰੁਪਏ ਉਕਤ ਲੜਕੀ ਨੂੰ ਵਾਪਸ ਕਰ ਦਿੱਤੇ ਅਤੇ ਨਾਲ ਹੀ ਉਕਤ ਲੜਕੀ ਤੋ ਦੋਵੇ ਕੰਨ ਫੜਕੇ ਮੁਆਫੀ ਮੰਗੀ। ਪ੍ਰਾਪਤ ਜਾਣਕਾਰੀ ਅਨੁਸਾਰ ਬਲਟਾਨਾ ਏਰੀਏ ਨਾਲ ਸਬੰਧਤ ਵਿਸਾਲ ਨਾਮ ਦਾ ਡੀਲਰ ਜੋ ਅਕਸਰ ਹੀ ਤਹਿਸੀਲ ਦਫਤਰ ਜੀਰਕਪੁਰ ਦੇ ਬਾਹਰ ਘੁੰਮਦਾ ਰਹਿੰਦਾ ਹੈ ,ਉਕਤ ਨੇ ਇਕ ਫਲੈਟ ਦੀ ਬਤੌਰ ਖਰੀਦਦਾਰ ਰਜਿਸਟਰੀ ਕਰਵਾਉਣ ਆਈ ਲੜਕੀ ਕੋਲੋਂ ਗੁੰਮਰਾਹ ਕਰਕੇ 50000 ਰੁਪਏ ਦੀ ਮੰਗ ਕੀਤੀ ਅਤੇ ਉਕਤ ਲੜਕੀ ਕੋਲੋ 43000/- ਰੁਪਏ ਨਾਇਬ ਤਹਿਸੀਲਦਾਰ ਜੀਰਕਪੁਰ ਦੇ ਨਾਮ ਉਤੇ ਲੈ ਲਏ, ਜਦਕਿ ਉਕਤ ਖਰੀਦਦਾਰ ਲੜਕੀ ਦੀ ਰਜਿਸਟਰੀ ਕਾਨੂੰਨੀ ਤੌਰ ਤੇ ਬਿਲਕੁਲ ਸਹੀ ਹੋਣ ਕਾਰਨ, ਨਾਇਬ ਤਹਿਸੀਲਦਾਰ ਜੀਰਕਪੁਰ ਵੱਲੋਂ ਬਿਨ੍ਹਾ ਕਿਸੇ ਰਿਸ਼ਵਤ ਤੋ ਕਰ ਦਿਤੀ ਗਈ ਅਤੇ ਨਾਲ ਹੀ ਉਕਤ ਖਰੀਦਦਾਰ ਲੜਕੀ ਨੂੰ ਇਹ ਵੀ ਹਦਾਇਤ ਕਰ ਦਿੱਤੀ ਗਈ ਕਿ ਕਿਸੇ ਵੀ ਵਿਅਕਤੀ ਨੂੰ ਸਰਕਾਰੀ ਫੀਸ ਅਤੇ ਟਾਇਪਿੰਗ ਖਰਚੇ ਤੋ ਬਿਨ੍ਹਾ ਕੋਈ ਵੀ ਪੈਸਾ ਨਹੀ ਦੇਣਾ। ਰਜਿਸਟਰੀ ਹੋਣ ਤੋ ਬਾਅਦ ਉਕਤ ਠੱਗ ਡੀਲਰ ਦੀ ਕਰਤੂਤ ਰਜਿਸਟਰੀ ਕਲਰਕ ਜੀਰਕਪੁਰ ਵਿਜੇ ਸਿੰਘ ਦੇ ਧਿਆਨ ਵਿਚ ਆਈ ਤਾ ਉਹਨਾ ਤੁਰੰਤ ਨਾਇਬ ਤਹਿਸੀਲਦਾਰ ਦੇ ਧਿਆਨ ਵਿਚ ਇਹ ਮਾਮਲਾ ਲਿਆਦਾ, ਜਿਸ ਤੇ ਉਕਤ ਡੀਲਰ ਨੂੰ ਤਹਿਸੀਲ ਦਫਤਰ ਦੇ ਅੰਦਰ ਬੁਲਾਇਆ ਤਾਂ ਉਕਤ ਡੀਲਰ ਮੁਆਫੀ ਮੰਗਣ ਲੱਗ ਪਿਆ, ਜਿਸਨੇ ਤੁਰੰਤ ਉਕਤ ਲੜਕੀ ਨੂੰ 43000/-ਰੁਪਏ ਵਾਪਸ ਕਰਦਿਆ ਕੰਨ ਫੜਕੇ ਮੁਆਫੀ ਮੰਗਦੀਆ ਅੱਗੇ ਤੋ ਅਜਿਹੀ ਗਲਤੀ ਨਾ ਕਰਨ ਲਈ ਤੋਬਾ ਕੀਤੀ। ਜਿਸਨੂੰ ਕਿ ਰਜਿਸਟਰੀ ਕਲਰਕ ਵਿਜੇ ਸਿੰਘ ਅਤੇ ਨਾਇਬ ਤਹਿਸੀਲਦਾਰ ਸ੍ਰੀ ਰਾਜ ਕੁਮਾਰ ਨੇ ਤਾੜਨਾ ਕਰਕੇ ਅੱਗੇ ਤੋ ਸਖਤ ਕਾਰਵਾਈ ਕਰਨ ਦੀ ਗੱਲ ਕਹਿ ਕੇ ਮੁਆਫ ਕਰ ਦਿੱਤਾ। ਇਸ ਸਬੰਧੀ ਜਦੋ ਉਕਤ ਡੀਲਰ ਵਿਸ਼ਾਲ ਨਾਲ ਗੱਲ ਕੀਤੀ ਤਾ ਉਸਨੇ ਆਪਣਾ ਗੁਨਾਹ ਕਬੂਲ ਕਰਦਿਆ ਕਿਹਾ ਕਿ ਮੈ ਪੈਸੇ ਵਾਪਸ ਕਰਕੇ ਮੁਆਫੀ ਮੰਗ ਲਈ ਹੈ। ਜਿਸ ਕਰਕੇ ਮੇਰਾ ਗੁਨਾਹ ਮੁਆਫੀ ਯੋਗ ਹੈ। ਜਿਕਰਯੋਗ ਹੈ ਕਿ ਜੀਰਕਪੁਰ ਤਹਿਸੀਲ ਦਫਤਰ ਦੇ ਬਾਹਰ ਕੁਝ ਡੀਲਰ ਕਿਸਮ ਦੇ ਲੋਕ ਅਕਸਰ ਹੀ ਘੁੰਮਦੇ ਰਹਿੰਦੇ ਹਨ ਅਤੇ ਕਈ ਡੀਲਰਾਂ ਨੇ ਬਿਨ੍ਹਾ ਕਿਸੇ ਮਨਜੂਰੀ ਤੋਂ ਬਾਹਰ ਦੁਕਾਨਾ ਖੋਲ ਕੇ ਰਜਿਸਟਰੀਆ ਲਿਖਣੀਆ ਸੁਰੂ ਕਰ ਦਿੱਤੀਆ ਹਨ ਇਸ ਸਬੰਧੀ ਨਾਇਬ ਤਹਿਸੀਲਦਾਰ ਨੇ ਅਜਿਹੇ ਅਨਸਰਾਂ ਨੂੰ ਸਖਤ ਤਾੜਨਾ ਕਰਦਿਆ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਉਹਨਾ ਦੇ ਨਾਮਜਾਂ ਉਹ ਤਹਿਸੀਲ ਦਫਤਰ ਦੇ ਸਟਾਫ ਦੇ ਨਾਮ ਤੇ ਪੈਸਾ ਮੰਗਦਾ ਹੈ ਤਾ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਡੇਰਾਬੱਸੀ ਇੰਡਸਟਰੀਅਲ ਫੋਕਲ ਪੁਆਇੰਟ ਵਿਖੇ ਵਾਤਾਵਰਨ ਦਿਵਸ ਮਨਾਇਆ

ਪੰਜਾਬ ਟਾਇਮਜ਼ ਵਿਸ਼ੇਸ਼

ਡੇਰਾਬੱਸੀ, 12 ਜੂਨ (ਸੁਰਿੰਦਰ ਪੁਰੀ) ਬੁੱਧਵਾਰ ਨੂੰ ਇੰਡਸਟਰੀਅਲ ਫੋਕਲ ਪੁਆਇੰਟ ਐਸੋਸੀਏਸ਼ਨ ਡੇਰਾਬੱਸੀ ਦੇ ਮੈਂਬਰਾਂ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਲਈ ਵਾਟਰ ਵਰਕਸ, ਮੁਬਾਰਿਕਪੁਰ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ। ਗੁਰਸ਼ਰਨ ਦਾਸ ਗਰਗ, ਵਾਤਾਵਰਨ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਮੁੱਖ ਮਹਿਮਾਨ ਵਜੋਂ ਅਤੇ ਅਰਸ਼ਦੀਪ ਸਿੰਘ, ਏ.ਈ.ਈ. ਨੇ ਵਿਸ਼ੇਸ਼ ਤੌਰ 'ਤੇ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ। ਮੁੱਖ ਮਹਿਮਾਨ ਨੇ ਵਿਸ਼ਵ ਵਾਤਾਵਰਣ ਦਿਵਸ, 2024 ਦੀ ਮੌਜੂਦਾ ਥੀਮ ਅਰਥਾਤ ਜ਼ਮੀਨ ਦੀ ਬਹਾਲੀ, ਮਾਰੂਥਲੀਕਰਨ ਅਤੇ ਸੋਕੇ ਪ੍ਰਤੀਰੋਧ ਬਾਰੇ ਹਾਜ਼ਰ ਭਾਗੀਦਾਰਾਂ ਨੂੰ ਸਮਝਾਇਆ। ਉਦਯੋਗਪਤੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਆਲੇ-ਦੁਆਲੇ ਰੁੱਖ ਲਗਾਉਣ ਅਤੇ ਆਪਣੇ ਉਦਯੋਗਾਂ ਦੇ ਆਲੇ-ਦੁਆਲੇ ਸਫਾਈ ਦਾ ਪ੍ਰਬੰਧ ਕਰਨ। ਉਨ੍ਹਾਂ ਨੂੰ ਵਾਤਾਵਰਨ ਸਬੰਧੀ ਵੱਖ-ਵੱਖ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਬੇਨਤੀ ਕੀਤੀ ਗਈ। ਉਨ੍ਹਾਂ ਨੂੰ ਆਪਣੇ ਉਦਯੋਗਿਕ ਅਹਾਤੇ ਵਿੱਚ ਸਿੰਗਲ ਯੂਜ਼ ਪਲਾਸਟਿਕ (ਐਸਯੂਪੀ) ਪਾਬੰਦੀਸ਼ੁਦਾ ਵਸਤੂਆਂ ਦੀ ਵਰਤੋਂ ਨਾ ਕਰਨ ਲਈ ਕਿਹਾ ਗਿਆ ਸੀ। ਭਾਗੀਦਾਰਾਂ ਨੂੰ ਛੋਟੇ ਸਕੇਲ ਉਦਯੋਗਾਂ ਲਈ ਬੋਰਡ ਦੇ ਸੰਚਾਲਨ ਲਈ ਸਵੈਚਲਿਤ ਨਵਿਆਉਣ ਦੀ ਸਹਿਮਤੀ ਪ੍ਰਾਪਤ ਕਰਨ ਲਈ ਵੀ ਬੇਨਤੀ ਕੀਤੀ ਗਈ ਸੀ।

ਈਸ਼ੂ ਕਾਲੜਾ ਬਾਲੀਵੁੱਡ ਦਾ ਮੁੱਖ ਲੀਡ ਸਟਾਰ ਬਣ ਗਿਆ

ਪੰਜਾਬ ਟਾਇਮਜ਼ ਵਿਸ਼ੇਸ਼

ਜਲੰਧਰ : ਯੁਵਾ ਪ੍ਰਤੀਕ ਸਾਰਾ ਅਲੀ ਖਾਨ ਅਤੇ ਈਸ਼ੂ ਕਾਲੜਾ ਇੱਕ ਫਰੇਮ ਵਿੱਚ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਈਸ਼ੂ ਕਾਲੜਾ ਹਿਊਮੈਨਿਟੀ ਐਨਜੀਓ ਇੰਡੀਆ ਦੇ ਸੰਸਥਾਪਕ ਹਨ। ਈਸ਼ੂ ਕਾਲੜਾ ਨੇ ਸਾਲਾਂ ਦੌਰਾਨ ਇੱਕ ਵੱਡਾ ਨਾਮ ਕਮਾਇਆ ਹੈ, ਹੁਣ ਈਸ਼ੂ ਕਾਲੜਾ ਬਾਲੀਵੁੱਡ ਅਵਾਰਡਾਂ ਦੀ ਪ੍ਰਮੁੱਖ ਬ੍ਰਾਂਡ ਅੰਬੈਸਡਰ ਬਣ ਗਈ ਹੈ। ਹੁਣ ਉਸ ਨੇ ਪੂਰੇ ਭਾਰਤ ਵਿੱਚ ਆਪਣੀ ਐਨਜੀਓ ਸ਼ੁਰੂ ਕਰ ਦਿੱਤੀ ਹੈ। ਇਨ੍ਹੀਂ ਦਿਨੀਂ ਈਸ਼ੂ ਕਾਲੜਾ ਬਾਲੀਵੁੱਡ ਦੇ ਮੁੱਖ ਸਿਤਾਰਿਆਂ ਵਿੱਚੋਂ ਇੱਕ ਬਣ ਗਿਆ ਹੈ।ਸਾਰਾ ਅਲੀ ਖਾਨ, ਈਸ਼ੂ ਕਾਲੜਾ, ਅਨੁਪਮ ਖੇਰ, ਅਨੁਪਮ ਮਿੱਤਲ, ਸ਼ੇਖਰ ਸੁਮਨ, ਤ੍ਰਿਧਾ ਚੌਧਰੀ, ਅਮਨ ਵਰਮਾ ਨੇ ਇਸ ਸਟਾਰਜ਼ ਬਾਲੀਵੁੱਡ ਐਵਾਰਡਸ ਵਿੱਚ ਸ਼ਿਰਕਤ ਕੀਤੀ। ਸਮਾਗਮ 'ਚ ਸ਼ਾਮਲ ਹੋਣ ਲਈ ਐਂਕਰ ਅਤੇ ਹੋਰ ਕਈ ਸਿਤਾਰੇ ਉੱਥੇ ਮੌਜੂਦ ਸਨ।

ਪਬਲਿਕ ਨੋਟਿਸ

ਬਾ ਅਦਾਲਤ ਏ. ਸੀ. ਫਸਟ ਗਰੇਡ (ਤਹਿਸੀਲਦਾਰ) ਸਾਹਿਬ, ਸੁਨਾਮ ਊਧਮ ਸਿੰਘ ਵਾਲਾ ।

ਮਿਸਲ ਨੰ	ਰਜੂਆ	ਪਿੰਡ	ਅਗਲੀ ਤਾਰੀਖ ਪੇਸ਼ੀ	ਕਿਸਮ
317/ ਏ.ਸੀ-1	20.03.2024	ਘਨੌੜ ਜੱਟਾਂ	14.06.2024	ਤਕਸੀਮ

1) ਮਨਜੀਤ ਸਿੰਘ 2) ਸੰਦੀਪ ਸਿੰਘ ਪੁੱਤਰਾਨ ਜਸਵਿੰਦਰ ਸਿੰਘ ਵਾਸੀਆਨ ਪਿੰਡ ਘਨੌੜ ਜੱਟਾਂ, ਤਹਿਸੀਲ ਸੁਨਾਮ ਊਧਮ ਸਿੰਘ ਵਾਲਾ, ਜਿਲ੍ਹਾ ਸੰਗਰੂਰ। ਸਾਇਲਾਨ

ਬਨਾਮ

1) ਗੁਰਮੇਲ ਸਿੰਘ ਪੁੱਤਰ ਦਰਬਾਰਾ ਸਿੰਘ ਪੁੱਤਰ ਅਰਜਨ ਸਿੰਘ 2) ਦਰਬਾਰਾ ਸਿੰਘ ਪੁੱਤਰ ਅਰਜਨ ਸਿੰਘ 3) ਧੰਨਾ ਸਿੰਘ ਪੁੱਤਰ ਗੁਰਬਖਸ਼ ਸਿੰਘ 4) ਗੁਰਮੇਲ ਸਿੰਘ 5) ਗੁਰਭਾਗ ਸਿੰਘ ਪੁੱਤਰਾਨ ਅਜਮੇਰ ਸਿੰਘ ਪੁੱਤਰ ਬਚਨ ਸਿੰਘ 6) ਸੁਖਦੇਵ ਸਿੰਘ 7) ਸੰਤ ਸਿੰਘ ਪੁੱਤਰਾਨ ਗੁਰਬਖਸ਼ ਸਿੰਘ 8) ਅਮਰਜੀਤ ਕੌਰ ਵਿਧਵਾ ਦਰਸਨ ਸਿੰਘ ਪੁੱਤਰ ਗੁਰਬਖਸ਼ ਸਿੰਘ 9) ਸਰਬਜੀਤ ਕੌਰ ਪੁੱਤਰੀ ਦਰਸਨ ਸਿੰਘ 10) ਗੁਰਮੀਤ ਸਿੰਘ 11) ਅਮਰੀਕ ਸਿੰਘ ਪੁੱਤਰਾਨ ਦਰਸਨ ਸਿੰਘ 12) ਕੌਰ ਸਿੰਘ 13) ਗੁਰਬਖਸ਼ ਸਿੰਘ ਪੁੱਤਰਾਨ ਗੱਜਣ ਸਿੰਘ 14) ਨਿਰਮਲ ਸਿੰਘ ਪੁੱਤਰ ਮਹਿੰਦਰ ਸਿੰਘ 17) ਹਰਪਾਲ ਕੌਰ ਵਿਧਵਾ ਨਰੰਜਨ ਸਿੰਘ 18) ਗੋਬਿੰਦ ਸਿੰਘ ਪੁੱਤਰ ਨਰੰਜਨ ਸਿੰਘ 19) ਲੋਪਾ ਸਿੰਘ 20) ਕਾਕਾ ਸਿੰਘ ਪੁੱਤਰਾਨ ਜੋਗਿੰਦਰ ਸਿੰਘ 21) ਬਹਾਦਰ ਸਿੰਘ ਪੁੱਤਰ ਛੱਜੂ ਸਿੰਘ ਪੁੱਤਰ ਈਸਰ ਸਿੰਘ 22) ਬਲਵਿੰਦਰ ਸਿਘ 23) ਰਜਿੰਦਰ ਸਿੰਘ ਪੁੱਤਰਾਨ ਜਨਕ ਸਿੰਘ ਪੁੱਤਰ ਮਹਿੰਦਰ ਸਿੰਘ 26) ਮੇਜਰ ਸਿੰਘ ਪੁੱਤਰ ਨਧਾਨ ਸਿੰਘ 27) ਜਾਗਰ ਸਿੰਘ ਪੁੱਤਰਾਨ ਛੱਜੂ ਸਿੰਘ 28) ਜਗਰਾਜ ਸਿੰਘ ਪੁੱਤਰ ਛੱਜੂ ਸਿੰਘ, ਵਾਸੀਆਨ ਪਿੰਡ ਘਨੌੜ ਜੱਟਾਂ ਤਹਿਸੀਲ ਸੁਨਾਮ ਊਧਮ ਸਿੰਘ ਵਾਲਾ, ਜਿਲ੍ਹਾ ਸੰਗਰੂਰ 29) ਸਟੇਟ ਬੈਂਕ ਆਫ ਪਟਿਆਲਾ ਹੁਣ ਸਟੇਟ ਬੈਂਕ ਆਫ ਇੰਡੀਆ ਬਰਾਂਚ ਮਹਿਲਾਂ ਰਾਹੀ ਮੈਨੇਜਰ, ਜਿਲ੍ਹਾ ਸੰਗਰੂਰ। ...ਮਸੂਲਇਲਮ

ਨੋਟਿਸ ਰਾਹੀਂ ਪਬਲੀਕੇਸ਼ਨ

ਦਰਖਾਸਤ ਤਕਸੀਮ ਕੇਸ ਵਾਕਾ ਰਕਬਾ ਕਾਹਨਗੜ੍ਹ ਤਕਸੀਮ ਬਾਬਤ ਅਰਾਜੀ 144/128 ਖਤੌਨੀ ਨੰਬਰ 337 ਤੇਦਾਦੀ 4 ਕਨਾਲ 4 ਮਰਲੇ ਵਾ ਅਰਾਜੀ ਖੇਵਟ ਨੰ. 145/129 ਖਤੌਨੀ ਨੰਬਰ 338 ਤੇਦਾਦੀ 6 ਕਨਾਲ 6 ਮਰਲੇ ਵਾਕਾ ਰਕਬਾ ਪਿੰਡ ਘਨੌੜ ਜੱਟਾਂ ਮੁਤਾਬਿਕ ਜਮਾਂਹਾਂਬੰਦੀ ਸਾਲ 2017-18 ਇਸ ਅਦਾਲਤ ਵਿੱਚ ਜੇਰੇ ਸਮਾਇਤ ਹੈ। ਇਸ ਲਈ ਕੇਸ ਵਿੱਚ ਉਪਰੋਕਤ ਮਸੂਲਾਨ ਦੀ ਤਲਬੀ ਸਧਾਰਨ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਇਸ ਨੋਟਿਸ ਰਾਹੀਂ ਉਪਰੋਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸਤਿਹਾਰ ਛਪਣ ਤੋਂ ਮਿਤੀ 14.06.2024 ਨੂੰ ਸਵੇਰੇ 10 ਵਜੇ ਨਿਸਚਿਤ ਤਾਰੀਖ ਨੂੰ ਅਸਾਲਤਨ ਜਾਂ ਵਕਾਲਤਨ ਹਾਜਰ ਅਦਾਲਤ ਆਕਰ ਕੇਸ ਦੀ ਪੈਰਵੀ ਕਰ ਸਕਦੇ ਹਨ। ਹਾਜਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਇੱਕ ਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਮਿਤੀ 13.05.2024 ਨੂੰ ਇਹ ਇਸਤਿਹਾਰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ: 70 / ਰੀ- 1 ਮਿਤੀ : 20-05-2024

ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ-ਤਹਿਸੀਲਦਾਰ ਸੁਨਾਮ ਊਧਮ ਸਿੰਘ ਵਾਲਾ।

ਪਬਲਿਕ ਨੋਟਿਸ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਤਹਿਸੀਲਦਾਰ ਭਵਾਨੀਗੜ੍ਹ ਜਿਲਾ ਸੰਗਰੂਰ।
ਨੋਟਿਸ ਮੁਨਾਦੀ ਅਖਬਾਰ ਇਸ਼ਤਿਹਾਰ
ਤਕਸੀਮ ਕੇਸ- ਪਿੰਡ ਘਰਾਚੋ-ਏ ਖੇਵਟ ਨੰਬਰ- 465,12,487,717,714
(ਮਿਸਲ ਨੰਬਰ 430,431,432,433,434/ਰੀਡਰ-1)

ਅਨੁਵਾਨ ਕੇਸ:- ਹਰਵਿੰਦਰ ਸਿੰਘ, ਪਰਵਿੰਦਰ ਸਿੰਘ ਪੁੱਤਰਾਨ ਧਰਮ ਸਿੰਘ ਵਾਸੀਆਨ ਪਿੰਡ ਘਰਾਚੋ ਤਹਿਸੀਲ ਭਵਾਨੀਗੜ੍ਹ ਜਿਲ੍ਹਾ ਸੰਗਰੂਰ। ...ਸਾਇਲ

ਬਨਾਮ

ਮਿਸਲ ਨੰਬਰ 430) 1) ਬਲਵੀਰ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਈਸ਼ਰ ਸਿੰਘ ਮਿਸਲ ਨੰ: 431) 1) ਗੁਰਨਾਮ ਕੌਰ ਵਿਧਵਾ ਸ਼ੁੱਚਾ ਸਿੰਘ 2. ਜਿਉਣ ਸਿੰਘ 3. ਨਾਹਰ ਸਿੰਘ ਪੁੱਤਰਾਨ ਸ਼ੁੱਚਾ ਸਿੰਘ 4. ਲਾਭ ਕੌਰ ਪੁੱਤਰੀ ਸ਼ੁੱਚਾ ਸਿੰਘ 5. ਬਲਵੀਰ ਕੌਰ ਵਿਧਵਾ ਨਛੱਤਰ ਸਿੰਘ 6. ਹਰਵਿੰਦਰ ਕੌਰ 7. ਜਸਵੀਰ ਕੌਰ ਪੁੱਤਰੀਆਨ ਨਛੱਤਰ ਸਿੰਘ 8. ਬਲਵਿੰਦਰ ਸਿੰਘ 9. ਕੁਲਵਿੰਦਰ ਸਿੰਘ ਪੁੱਤਰਾਨ ਨਛੱਤਰ ਸਿੰਘ 10. ਹਰਵਿੰਦਰ ਸਿੰਘ 11. ਰਾਜਪਾਲ ਸਿੰਘ ਪੁੱਤਰਾਨ ਰਘਵੀਰ ਸਿੰਘ 12. ਜਗਪਾਲ ਸਿੰਘ 13. ਜਗਤਾਰ ਸਿੰਘ ਪੁੱਤਰਾਨ ਲਾਭ ਸਿੰਘ 14. ਹਮੀਰ ਕੌਰ ਮਾਤਾ ਸੁਰਿਦਰ ਸਿੰਘ ਉਰਫ ਸ਼ਿਦਰ ਸਿੰਘ 15. ਸੁਖਵਿੰਦਰ ਕੌਰ ਵਿਧਵਾ ਸੁਰਿਦਰ ਸਿੰਘ ਉਰਫ ਸ਼ਿਦਰ ਸਿੰਘ 16. ਖੁਸ਼ਪਰੀਤ ਕੌਰ ਪੁੱਤਰੀ ਸੁਰਿਦਰ ਸਿੰਘ ਉਰਫ ਸ਼ਿਦਰ ਸਿੰਘ 17. ਗਗਨਦੀਪ ਸਿੰਘ ਪੁੱਤਰ ਸੁਰਿਦਰ ਸਿੰਘ ਉਰਫ ਸ਼ਿਦਰ ਸਿੰਘ 18. ਸੁਖਜਿੰਦਰ ਕੌਰ ਪਤਨੀ ਕੁਲਦੀਪ ਸਿੰਘ 19. ਰਾਜਵਿੰਦਰ ਕੌਰ ਪਤਨੀ ਰਾਜਪਾਲ ਸਿੰਘ 20. ਜਾਗਰ ਸਿੰਘ ਪੁੱਤਰ ਜੀਤ ਸਿੰਘ 21. ਬਹਾਦਰ ਸਿੰਘ 22. ਸੰਤਪਾਲ ਸਿੰਘ 23. ਜਸਵੀਰ ਸਿੰਘ ਪੁੱਤਰਾਨ ਮੰਘਰ ਸਿੰਘ ਮਿਸਲ ਨੰ: 432) 1) ਸੁਖਦੇਵ ਸਿੰਘ 2. ਜਗਦੇਵ ਸਿੰਘ 3. ਜੋਗੀਰ ਸਿੰਘ ਪੁੱਤਰਾਨ ਬਖਸ਼ੀਸ਼ ਸਿੰਘ 4. ਚੰਦ ਕੌਰ 5. ਨਰੰਜਣ ਕੌਰ 6. ਜਗਦੇਵ ਕੌਰ ਪੁੱਤਰੀਆਨ ਬਖਸ਼ੀਸ਼ ਸਿੰਘ 7. ਸੁਜਾਨ ਕੌਰ ਵਿਧਵਾ ਬਖਸ਼ੀਸ਼ ਸਿੰਘ 8. ਜਗਮੀਰ ਸਿੰਘ ਪੁੱਤਰ ਬਘੇਲ ਸਿੰਘ 9. ਬਘਬੀਰ ਸਿੰਘ ਪੁੱਤਰ ਗੁਰਨਾਮ ਸਿੰਘ 10. ਰਣਜੀਤ ਕੌਰ ਵਿਧਵਾ ਰਨਜੀਤ ਸਿੰਘ 11. ਮਲਕੀਤ ਸਿੰਘ ਪੁੱਤਰ ਬਲਦੇਵ ਸਿੰਘ 12. ਜਗਮੀਤ ਸਿੰਘ ਪੁੱਤਰ ਰਨਜੀਤ ਸਿੰਘ 13. ਚਮਕੌਰ ਸਿੰਘ ਪੁੱਤਰ ਗੁਰਜੀਤ ਸਿੰਘ 14. ਇਕਬਾਲ ਸਿੰਘ ਪੁੱਤਰ ਮਲਕੀਤ ਸਿੰਘ ਮਿਸਲ ਨੰਬਰ 433) 1) ਮਲਕੀਤ ਰਾਮ 2. ਹਰੀ ਚਰਨ 3. ਲੇਖ ਰਾਮ 4. ਕਮਲੇਸ਼ ਕੁਮਾਰ 5. ਗੋਰਾ ਲਾਲ ਪੁੱਤਰਾਨ ਪਿਰਥੀ ਚੰਦ 6. ਮਾਇਆ ਦੇਵੀ 7. ਰਕਸਾ ਦੇਵੀ ਪੁੱਤਰੀਆਨ ਪਿਰਥੀ ਚੰਦ 8. ਮਲਕੀਤ ਸਿੰਘ ਪੁੱਤਰ ਬਲਦੇਵ ਸਿੰਘ 9. ਜਗਜੀਤ ਸਿੰਘ ਪੁੱਤਰ ਚਰਨਜੀਤ ਸਿੰਘ 10. ਬਲਦੇਵ ਸਿੰਘ 11. ਰਨਜੀਤ ਸਿੰਘ ਪੁੱਤਰਾਨ ਗੁਰਨਾਮ ਸਿੰਘ 12. ਵਿਦਿਆ ਰਤਨ ਪੁੱਤਰ ਬਚਨਾ ਰਾਮ 13. ਰਾਮ ਸਰੂਪ ਪੁੱਤਰ ਗੰਗਾ ਰਾਮ 14. ਓਮ ਪ੍ਰਕਾਸ਼ 15. ਹਰੀ ਪ੍ਰਕਾਸ਼ 16. ਸੂਰਜ ਪ੍ਰਕਾਸ਼ ਪੁੱਤਰਾਨ ਗੰਗਾ ਰਾਮ 17. ਸ਼ਾਤੀ ਦੇਵ ਪੁੱਤਰ ਗੰਗਾ ਰਾਮ 18. ਹਰਦੇਵ ਰਾਮ 19. ਸ਼ਿਆਮ ਰਾਮ 20. ਬਲਦੇਵ ਰਾਮ ਪੁੱਤਰਾਨ ਲਛਮਣ ਦਾਸ 21. ਅਰਜਨ ਸਿੰਘ ਪੁੱਤਰ ਤਿਲਕੂ 22. ਰਾਮ ਕਰਿਸ਼ਨ 23. ਦੇਵ ਰਾਜ 24. ਰਾਮ ਪ੍ਰਤਾਪ ਪੁੱਤਰਾਨ ਸਿਵਸਰਨ 25. ਹਰਵਿੰਦਰ ਸਿੰਘ ਪੁੱਤਰ ਬਲਦੀਪ ਸਿੰਘ 26. ਗੁਰਦੀਪ ਸਿੰਘ ਪੁੱਤਰ ਰਾਜਪਾਲ ਸਿੰਘ 27. ਸ਼ਾਦੀ ਰਾਮ ਪੁੱਤਰ ਨੰਦ ਰਾਮ ਮਿਸਲ ਨੰਬਰ 434) 1) ਮਲਕੀਤ ਸਿੰਘ ਪੁੱਤਰ ਬਲਦੇਵ ਸਿੰਘ 2. ਜਗਦੇਵ ਸਿੰਘ ਪੁੱਤਰ ਬਲਦੇਵ ਸਿੰਘ ਵਾਸੀਆਨ ਪਿੰਡ ਘਰਾਚੋ ਤਹਿਸੀਲ ਭਵਾਨੀਗੜ੍ਹ ਜਿਲ੍ਹਾ ਸੰਗਰੂਰ। ...ਮਸੂਲਇਲਮ

ਦਰਖਾਸਤ ਜੋਰ ਧਾਰਾ 111 ਪੰਜਾਬ ਲੈਂਡ ਰੈਵਨਿਊ ਐਕਟ 1887 ਅਧੀਨ ਕੀਤੇ ਜਾਣੇ ਤਕਸੀਮ ਬਾਬਤ ਖੇਵਟ ਨ